# ਜਿਨਿ ਤ੍ਰਿਣ ਧਰਿ ਮੂੰਡ ਬਲਾਏ

**ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ**

**ੴ ਸਤਿ ਗੁਰ ਪ੍ਰਸਾਦਿ ॥**

ਇਹ ਸ਼ਬਦ, ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਜੋ, ਪੰਨਾ ੬੯੨-੯੩ ਤੇ, ਧਨਾਸਰੀ ਰਾਗ ਵਿਚ ਅੰਕਤ ਹੈ। ਸ਼ਬਦ ਦੇ ਅਰੰਭ ਵਿਚ ਮੰਗਲਾਚਰਣ ਦੇ ਪੰਜ ਸਰੂਪਾਂ ਵਿਚੋਂ, ਚੌਥਾ ਸਰੂਪ ਦਰਜ ਕੀਤਾ ਗਿਆ ਹੈ, ਜੋ ਸੰਪੂਰਣ ਮੂਲਮੰਤਰ ਦਾ ਸੰਖਿਪਤ ਸਰੂਪ ਹੈ।

ਇਸ ਸ਼ਬਦ ਵਿਚ ਭਗਤ ਜੀ ਨੇ ਸਰੀਰ ਦੀ ਸਦੀਵਤਾ ਦਾ ਭੁਲੇਖਾ, ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਦੀ ਹਵਸ, ਉਨ੍ਹਾਂ ਦੀ ਪ੍ਰਾਪਤੀ ਦਾ ਹੰਕਾਰ ਅਤੇ ਪਿਤਾ ਪੁਰਖੀ ਮਾਣ, ਰਾਜ ਅਤੇ ਫ਼ੌਜਾਂ ਦਾ ਹੰਕਾਰ, ਵਿਅਰਥ ਅਤੇ ਨੁਕਸਾਨ ਦੇਹ ਦਸੇ ਹਨ। ਇਨ੍ਹਾਂ ਸਭ ਨੂੰ ਪ੍ਰਾਪਤੀ ਸਮਝਣ ਦੀ ਥਾਂ, ਕਰਤਾਰ ਪ੍ਰਭੂ ਨਾਲ ਪ੍ਰੇਮ ਕਰਣ ਦਾ ਅਤੇ ਸਰੀਰ ਨੂੰ ਨਾਸਵੰਤ ਮੰਨਣ ਦਾ ਉਪਦੇਸ਼ ਦਿਤਾ ਹੈ। ਉਨ੍ਹਾਂ ਅਨੁਸਾਰ ਗੁਰੂ/ਪ੍ਰਭੂ ਪ੍ਰੇਮ ਹੀ ਨਾਲ ਨਿਭਣ ਵਾਲਾ ਹੈ। ਬਾਕੀ ਸਭ ਕੁਝ ਨਾਸ਼ਮਾਨ ਹੈ ਅਤੇ ਇਥੇ ਹੀ ਰਹਿ ਜਾਣ ਵਾਲਾ ਹੈ, ਇਸ ਲਈ ਇਸ ਸਭ ਦੀ ਪ੍ਰਾਪਤੀ ਦੇ ਮਗਰ ਲਗ ਕੇ, ਇਸ ਜਨਮ ਦੇ ਮਨੋਰਥ ਨੂੰ ਨਹੀਂ ਭੁਲਣਾ ਚਾਹੀਦਾ ਕਿ ਅਸੀਂ ਪ੍ਰਭੂ ਪ੍ਰਾਪਤੀ ਲਈ ਆਏ ਹਾਂ, ਬਾਕੀ ਸਭ ਕੁਝ ਇਕੱਠਾ ਕਰਣ ਨਹੀਂ ਆਏ। ਇਸ ਤੋਂ ਇਲਾਵਾ ਸੰਤਾਂ ਮਹਾਂਪੁਰਖਾਂ ਦਾ ਨਿਰਾਦਰ, ਉਨ੍ਹਾਂ ਨਾਲ ਮਖ਼ੌਲਬਾਜ਼ੀ ਆਦਿ, ਬਹੁਤ ਨੁਕਸਾਨਦੇਹ ਅਤੇ ਘਾਤਕ ਦਸੇ ਹਨ।

**ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥**
**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥੧॥**

-- ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੇ ਡੂੰਘੀਆਂ ਤੋਂ ਡੂੰਘੀਆਂ ਨੀਹਾਂ ਪੁਟ ਕੇ, ਅਤਿਅੰਤ ਪਕੇ ਮਹਿਲ ਉਸਾਰ ਲਏ ਹਨ, ਉਨ੍ਹਾਂ ਦਾ ਮਾਣ ਵਿਅਰਥ ਹੈ। ਇਹ ਸਭ ਇਥੇ ਹੀ ਰਹਿ ਜਾਣੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੫੯੫ ਤੇ ਫ਼ੁਰਮਾਣ ਕਰਦੇ ਹਨ ਕਿ ਇਸ ਧਰਤੀ ਤੇ ਕਈ ਕਰੋੜਾਂ ਕਿਲਿਆਂ, forts ਤੇ ਰਾਜ ਕਮਾ ਕੇ ਆਪੋ ਆਪਣੀ ਤਾਕਤ ਦੀਆਂ ਤੂਤੀਆਂ ਵਜਾ ਕੇ ਤੁਰ ਗਏ। ਜਿਨ੍ਹਾਂ ਨੂੰ ਆਪਣੀ ਤਾਕਤ ਦਾ ਇਤਨਾ ਮਾਣ ਸੀ ਜਿਵੇਂ ਅਸਮਾਨ ਹੇਠਾਂ ਵੀ ਨਹੀਂ ਸਨ ਸਮਾਉਂਦੇ, ਪਰ ਜਮ ਦੂਤਾਂ ਨੇ, ਉਨ੍ਹਾਂ ਦੇ ਨਕਾਂ ਵਿਚ ਵੀ ਨਥਾਂ ਪਾ ਦਿਤੀਆਂ। ਇਸ ਲਈ, ਹੇ ਮਨੁਖ ! ਜੇ ਤੈਨੂੰ ਸਚਮੁਚ ਅਗਲੀ ਦੁਨੀਆਂ ਵਿਚ ਮਿਲਣ ਵਾਲੀਆਂ ਸੂਲੀਆਂ ਦੀ ਸਹੀ ਸਮਝ ਪੈ ਜਾਏ ਤਾਂ ਤੂੰ ਵਿਸ਼ਿਆਂ, ਭੋਗਾਂ ਨੂੰ ਕਿਉਂ ਭੋਗੇਂ - 'ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ॥ ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ॥ ਜੇ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ॥'

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੧੪੧ ਤੇ, ਬੜੇ ਸੁੰਦਰ ਸ਼ਬਦਾਂ ਵਿਚ ਪ੍ਰਗਟ ਕੀਤਾ ਹੈ ਕਿ ਹਟੀਆਂ, ਸ਼ਹਿਰ, ਬਾਜ਼ਾਰ, ਸਭ ਪ੍ਰਭੂ ਦੇ ਹੁਕਮ ਵਿਚ ਖੇਰੂੰ ਖੇਰੂੰ ਹੋ ਜਾਣਗੇ। ਇਨ੍ਹਾਂ ਪੱਕੇ, ਮਜ਼ਬੂਤ ਘਰਾਂ ਨੂੰ, ਕਈ ਮੂਰਖ ਹੀ ਆਪਣਾ ਸਮਝਦੇ ਹਨ। ਸਚ, ਭਾਵ, ਸਦਾ ਰਹਿਣ ਵਾਲਾ ਤਾਂ ਉਹ ਦਾਤਾ, ਵਾਹਗੁਰੂ ਹੈ, ਜਿਸ ਦੀ ਪਛਾਣ, ਕੁਦਰਤ ਵਿਚ ਹੋ ਰਹੇ ਵਰਤਾਰੇ ਤੋਂ ਹੋ ਰਹੀ ਹੈ - 'ਹਟ ਪਟਣ ਬਾਜਾਰ ਹੁਕਮੀ ਢਹਸੀਓ॥ ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥...

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥'

– – ਰਿਖੀ ਮਾਰਕੰਡੇਇ ਵਲ ਹੀ ਵੇਖ ਲਈਏ। ਭਲਾ ਉਸ ਤੋਂ ਲੰਮੀ ਉਮਰ ਵਾਲਾ ਕੌਣ ਹੋਣਾ ਏ ! ਭਾਵ, ਹੁਣ ਤਕ ਉਨ੍ਹਾਂ ਦੀ ਉਮਰ ਸਭ ਤੋਂ ਲੰਮੀ ਜਾਣੀ ਜਾਂਦੀ ਹੈ। ਉਨ੍ਹਾਂ ਨੇ, ਕੱਖਾਂ ਦੀ ਕੁਲੀ ਬਣਾ ਕੇ, ਲੋੜ ਪੈਣ ਤੇ, ਸਿਰ ਤੇ ਧਰ ਕੇ, ਝੱਟ ਲੰਘਾਇਆ।੧।

ਉਹ ਕੱਖਾਂ ਦੀ ਕੁਲੀ ਜਿਹੀ ਬਣਾ ਕੇ ਆਪਣੇ ਕੋਲ ਰਖਦੇ ਸਨ। ਧੁਪ, ਮੀਂਹ ਆਦਿ ਦੇ ਮੌਸਮ ਵਿਚ, ਓਹਲੇ ਜਾਂ ਆਪਣੇ ਸਿਰ ਉਤੇ ਰਖ ਲੈਂਦੇ ਸਨ। ਜੇ ਕੋਈ ਕਹਿੰਦਾ ਕਿ ਭਗਤ ਜੀ ! ਕੋਈ ਥਾਂ, ਝੁਗੀ ਹੀ ਪੁਆ ਲਉ ਤਾਂ ਕਹਿਣਾ ਕਿ 'ਕਿਹੜਾ ਇਥੇ ਸਦਾ ਹੀ ਬੈਠੇ ਰਹਿਣਾ ਏ, ਐਵੇਂ ਕਾਹਨੂੰ ਸਮਾਂ ਖ਼ਰਾਬ ਕਰਨਾ।' ਇਹ ਦ੍ਰਿਸ਼ਟਾਂਤ, ਭਗਤ ਨਾਮਦੇਵ ਜੀ ਨੇ, ਜਗਤ ਦੀ ਨਾਸ਼ਮਾਨਤਾ ਸਮਝਾਉਣ ਲਈ ਦਿਤਾ ਹੈ।

ਭਗਤ ਕਬੀਰ ਜੀ ਨੇ, ਪੰਨਾ ੧੩੬੭ ਤੇ, ਹੋਰ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਨੇ, ਸਾਨੂੰ, ਮਿਟੀ ਦੇ ਪੁਤਲੇ ਬਣਾ ਕੇ, ਸਾਡਾ ਨਾਓਂ 'ਮਨੁਖ' ਰਖ ਦਿਤਾ। ਬੇਸ਼ੱਕ, ਇਸ ਦੁਨੀਆਂ ਵਿਚ ਅਸੀਂ **ਚਾਰ ਦਿਨਾਂ ਦੇ ਹੀ ਪ੍ਰਾਹੁਣੇ** ਹਾਂ, ਤਾਂ ਵੀ ਵਡੀਆਂ ਵਡੀਆਂ ਥਾਵਾਂ ਮਲ ਬਹਿੰਦੇ ਹਾਂ – 'ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ॥ ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ॥'

**ਹਮਰੋ ਕਰਤਾ ਰਾਮੁ ਸਨੇਹੀ॥**
**ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥੧॥ਰਹਾਉ॥**

– – ਸਾਡਾ ਅਸਲ ਪਿਆਰਾ ਮਿਤਰ, ਸਦਾ ਸਾਥ ਨਿਭਾਉਣ ਵਾਲਾ ਤਾਂ ਸਾਰੀ ਸ੍ਰਿਸ਼ਟੀ ਦਾ ਕਰਤਾ, ਗੁਰੂ/ਪ੍ਰਭੂ ਹੀ ਹੈ। ਹੇ ਮਨੁਖ ! ਤੂੰ ਆਪਣੇ ਤੇ ਕਾਹਦਾ ਮਾਣ ਕਰਦਾ ਹੈਂ। ਇਹ ਝੂਠੀ ਦੇਹ ਤਾਂ ਬਿਨਸਨਹਾਰ ਹੀ ਹੈ, ਅੰਤ ਨੂੰ ਨਾਸ ਹੀ ਹੋ ਜਾਣੀ ਹੈ।੧।ਰਹਾਉ।

ਪੰਜਵੇਂ ਨਾਨਕ, ਪੰਨਾ ੯੬੩ ਤੇ ਫ਼ੁਰਮਾਣ ਕਰਦੇ ਹਨ ਕਿ ਹੇ ਨਾਨਕ ! ਮੈਂ ਆਪਣਾ ਪਿਆਰਾ ਮਿਤਰ, ਗੁਰੂ/ਪ੍ਰਭੂ, ਕਸੁੰਭ ਦੇ ਫ਼ੁਲ ਦੇ ਕਚੇ ਖਿਚਵੇਂ ਭੜਕੀਲੇ ਰੰਗਾਂ ਵਿਚ, ਭਾਵ, ਮਾਇਆ ਦੇ ਰੰਗਾਂ ਦੀ ਖਿਚ ਵਿਚ ਗੁਆਚ ਕੇ, ਭੁਲ ਕੇ, ਗੁਆ ਲਿਆ ਹੈ। ਹੇ ਮੇਰੇ ਸਜਣ ! ਮੈਂ ਤੇਰੀ ਕਦਰ ਨਾ ਪਾ ਸਕੀ, ਜਦਕਿ ਤੇਰੇ ਤੋਂ ਬਿਨਾਂ ਤਾਂ ਮੇਰੀ ਕੀਮਤ, ਅਧੀ ਜਾਂ ਫੁਟੀ ਕਉਡੀ ਵੀ ਨਹੀਂ – 'ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ॥ ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ॥'

ਪੰਜਵੇਂ ਪਾਤਸ਼ਾਹ, ਪੰਨਾ ੭੪੧ ਤੇ ਫ਼ੁਰਮਾਣ ਕਰਦੇ ਹਨ ਕਿ ਮਨੁਖ, ਆਪਣੀ ਕਚੀ ਦੇਹ, ਭਾਵ, ਨਾਸਵੰਤ ਸਰੀਰ ਦਾ ਅਭਿਮਾਨ ਕਰਦਾ ਹੈ – 'ਕਾਚੀ ਦੇਹ ਮਾਨੁਖ ਅਭਿਮਾਨੀ॥' ਮਹਾਰਾਜ ਨੇ, ਪੰਨਾ ੧੩੮੭ ਤੇ ਵੀ ਫ਼ੁਰਮਾਣ ਕੀਤਾ ਹੈ ਕਿ ਮਨੁਖ ਇਸ ਕਚੀ ਦੇਹ ਦੇ ਮੋਹ ਵਿਚ ਬੰਨ੍ਹਿਆਂ ਹੋਇਆ ਹੈ ਅਤੇ ਅਤਿ ਕਠੋਰ ਹਿਰਦੇ ਵਾਲਾ, ਭਾਵ ਨਿਰਦਈ, ਗੰਦਗੀ ਵਿਚ ਫ਼ਸਿਆ ਹੋਇਆ ਅਤੇ ਮੂਰਖ ਬਣਿਆਂ ਹੋਇਆ ਹੈ। ਇਸ ਕਰਕੇ ਭਟਕਦਾ ਫ਼ਿਰਦਾ ਹੈ ਪਰ ਪ੍ਰਭੂ ਨੂੰ ਨਹੀਂ ਪਛਾਣਦਾ – 'ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥ ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ॥' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ, ਪੰਨਾ ੬੩੧ ਤੇ ਦੁਹਰਾਇਆ ਹੈ ਕਿ ਮਨੁਖ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਅਜ ਜਾਂ ਕਲ੍ਹ, ਮੌਤ ਨੇ ਇਸ ਸਰੀਰ ਨੂੰ ਗ੍ਰਸ ਹੀ ਲੈਣਾ ਹੈ – 'ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥'

ਭਗਤ ਕਬੀਰ ਜੀ ਨੇ ਵੀ ਬਚਨ ਕੀਤੇ ਹਨ ਕਿ ਪ੍ਰਭੂ ਨੇ, ਮਿਟੀ, ਧੂੜ ਦੇ ਤਤਾਂ ਨੂੰ ਇਕੱਠਾ ਕਰ ਕੇ, ਇਹ ਸਰੀਰ ਰੂਪ ਇਕ ਨਗਰੀ ਬੰਨ੍ਹ ਦਿਤੀ ਹੈ। ਇਹ ਚਾਰ ਦਿਨ, ਭਾਵ, ਬਹੁਤ ਥੋੜੇ ਸਮੇਂ ਹੀ ਦੇਖਣ ਲਈ ਹੈ, ਅੰਤ ਤਾਂ ਮਿਟੀ ਹੀ ਹੈ, ਖੇਹ ਦੀ ਖੇਹ ਹੀ ਹੈ - 'ਕਬੀਰ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥ ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥', ਪੰਨਾ ੧੩੭੪. ਇਸੇ ਕਰਕੇ, ਭਗਤ ਜੀ, ਪੰਨਾ ੪੮੧ ਤੇ ਬਚਨ ਕਰਦੇ ਹਨ ਕਿ ਕੋਈ ਵੀ ਵਸਤ, ਪ੍ਰਭੂ ਤੋਂ ਮੰਗਣ ਜੋਗ ਨਹੀਂ, ਕਿਉਂਕਿ ਕੁਝ ਵੀ ਸਦਾ ਰਹਿਣ ਵਾਲਾ ਨਹੀਂ, ਤਾਂ ਫ਼ਿਰ ਇਹ ਸਭ ਕੁਝ ਕਾਹਨੂੰ ਮੰਗਣਾ। ਇਨ੍ਹਾਂ ਅਖਾਂ ਦੇ ਵੇਖਦਿਆਂ ਵੇਖਦਿਆਂ ਸਭ ਸੰਸਾਰ ਜਾਈ ਜਾ ਰਿਹਾ ਹੈ - 'ਕਿਆ ਮਾਗਉ ਕਿਛੁ ਥਿਰੁ ਨ ਰਹਾਈ॥ ਦੇਖਤ ਨੈਨ ਚਲਿਓ ਜਗੁ ਜਾਈ॥'

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥**
**ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥੨॥**

-- ਕੌਰਵ ਦੁਰਜੋਧਨ ਤੇ ਉਸ ਦੇ ਭਰਾ, ਰਾਜਸੀ ਤਾਕਤ ਦੇ ਨਸ਼ੇ ਵਿਚ ਸਭ ਕੁਝ ਮੇਰੀ ਮੇਰੀ ਕਰਦੇ ਰਹੇ ਅਤੇ ਪਾਂਡਵਾਂ ਨੂੰ ਇਕ ਸੂਈ ਦੇ ਨਕੇ ਜਿਨੀ ਜ਼ਮੀਨ ਦੇਣ ਲਈ ਤਿਆਰ ਨਹੀਂ ਸਨ।

-- ਕੁਰੂਖੇਤਰ ਦੇ, ਬਾਰ੍ਹਾਂ ਜੋਜਨ ਤਕ, ਭਾਵ, ਚਾਰੇ ਪਾਸੇ 72-72 ਮੀਲ (ਤਕਰੀਬਨ 116-116 ਕਿਲੋਮੀਟਰ) ਦੇ ਦਾਇਰੇ ਵਿਚ, ਦੁਰਜੋਧਨ ਦੀ ਕਮਾਨ ਥਲੇ, ਕੌਰਵਾਂ ਦਾ ਛੱਤਰ ਝੁਲਦਾ ਸੀ, ਭਾਵ, ਉਨ੍ਹਾਂ ਦੀ ਫ਼ੌਜ ਦਾ ਖਿਲਾਰ ਸੀ। ਇਤਨੀ ਵਡੀ ਤਾਕਤ ਹੁੰਦਿਆਂ ਹੋਇਆਂ ਵੀ, ਉਨ੍ਹਾਂ ਦੀਆਂ ਲੋਥਾਂ ਦਾ ਸੰਸਕਾਰ ਕਰਣ ਲਈ ਕੋਈ ਨਾ ਬਚਿਆ ਅਤੇ ਉਨ੍ਹਾਂ ਨੂੰ ਗਿਰਝਾਂ, ਗਿਧਾਂ ਨੇ ਖਾਧਾ।੨।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਦੁਰਜੋਧਨ ਆਪਣੇ ਹੰਕਾਰ ਵਿਚ ਹੀ ਡੁਬਿਆ ਰਹਿਣ ਕਰ ਕੇ ਆਪਣੀ ਇੱਜ਼ਤ ਗੁਆ ਬੈਠਾ। ਜੇ ਉਹ, ਵਕਤ ਦੇ ਮਹਾਤਮਾ, ਸ੍ਰੀ ਕ੍ਰਿਸ਼ਨ ਜੀ ਨੂੰ ਭਗਵਾਨ ਰੂਪ, ਸ੍ਰਿਸ਼ਟੀ ਦਾ ਕਰਤਾ ਦੇ ਰੂਪ ਵਿਚ ਨਹੀਂ ਜਾਣ ਸਕਿਆ ਤਾਂ ਹੀ ਉਸ ਦਾ ਇਹ ਹਸ਼ਰ ਹੋਇਆ - 'ਬੂਡਾ ਦੁਰਜੋਧਨੁ ਪਤਿ ਖੋਈ॥ ਰਾਮੁ ਨ ਜਾਨਿਆ ਕਰਤਾ ਸੋਈ॥', ਪੰਨਾ ੨੨੫.

**ਸਰਬ ਸ੍ਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥**
**ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥**

-- ਰਾਵਣ ਦੀ ਲੰਕਾ, ਸੋਨੇ ਦੀ ਬਣੀ ਹੋਈ ਸੀ ਅਤੇ ਰਾਵਣ ਵਰਗੇ, ਉਸਦੇ ਮਹਾਬਲੀ ਰਾਖੇ ਸਨ।

-- ਦਰਵਾਜ਼ਿਆਂ ਦੀ ਰਾਖੀ ਲਈ, ਹਾਥੀ ਬੰਨ੍ਹੇ ਖੜ੍ਹੇ ਸਨ, ਇਸ ਦੇ ਬਾਵਜੂਦ, ਮਾਰੇ ਜਾਣ ਤੋਂ ਬਾਅਦ, ਇਕ ਖਿੰਨ ਵਿਚ ਸਭ ਕੁਝ ਪਰਾਇਆ ਹੋ ਗਿਆ, ਭਾਵ, ਜਿੱਤਣ ਵਾਲਿਆਂ ਦਾ ਹੋ ਗਿਆ।੩।

ਦੁਰਜੋਧਨ ਦੀ ਮੂਰਖਤਾ ਵਾਂਗ ਰਾਵਣ ਵੀ ਮੂਰਖ ਰਿਹਾ। ਇਸ ਤਰ੍ਹਾਂ ਦਾ ਹੀ ਵਿਸਥਾਰ, ਰਾਵਣ ਦੀ ਫ਼ੌਜ ਦਾ ਵੀ ਸੀ। ਭਗਤ ਕਬੀਰ ਜੀ, ਪੰਨਾ ੪੮੧ ਤੇ ਅੰਕਤ ਕਰਦੇ ਹਨ ਕਿ ਰਾਵਣ ਦੇ ਆਪਣੇ ਹੀ ਇਕ ਲਖ ਪੁਤਰ ਅਤੇ ਸਵਾ ਲਖ ਤਾਂ ਪੋਤਰੇ ਹੀ ਸਨ। ਇਸ ਤੋਂ ਇਲਾਵਾ ਹੋਰ

ਕਿਤਨੇ ਹੀ ਸੰਬੰਧੀ ਸਨ ਅਤੇ ਰਾਖ਼ਸ਼ੀ ਫ਼ੌਜ ਵਖਰੀ। ਪਰ ਜੰਗ ਤੋਂ ਬਾਅਦ, ਘਰ ਵਿਚ ਦੀਵਾ ਬਾਲਣ ਵਾਲਾ ਕੋਈ ਨਾ ਬਚਿਆ, ਭਾਵ, ਸਾਰੇ ਮਾਰੇ ਗਏ - 'ਇਕੁ ਲਖੁ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥'

ਭਗਤ ਕਬੀਰ ਜੀ ਨੇ, ਪੰਨਾ ੪੮੧ ਤੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਦਸਿਆ ਹੈ ਕਿ ਜਿਸ ਰਾਵਣ ਦੀ ਲੰਕਾ ਦੇ ਕਿਲੇ ਦੇ ਆਲੇ ਦੁਆਲੇ, ਸਮੁੰਦਰ ਵਰਗੀ ਡੂੰਘੀ ਖੱਡ ਸੀ, ਜਿਸਨੂੰ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਮਜ਼ਬੂਤੀ ਮੰਨਿਆ ਜਾਂਦਾ ਹੈ, ਉਸ ਰਾਵਣ ਦੇ ਘਰ ਦੇ ਕਿਸੇ ਦੀ ਸਾਰ ਲੈਣ ਵਾਲਾ ਕੋਈ ਨਾ ਰਿਹਾ - 'ਲੰਕਾ ਸਾ ਕੋਟੁ ਸਮੁੰਦ ਸੀ ਖਾਈ॥ ਤਿਹ ਰਾਵਨ ਘਰ ਖਬਰਿ ਨ ਪਾਈ॥' ਹੋਰ ਬਚਨ ਕਰਦੇ ਹਨ ਕਿ ਕੁਝ ਵੀ ਨਾ ਨਾਲ ਆਉਂਦਾ ਹੈ ਨਾ ਨਾਲ ਜਾਂਦਾ ਹੈ, ਕੀ ਹੋਇਆ ਜੇ ਰਾਵਣ ਵਰਗਿਆਂ ਦੇ ਕਿਲਿਆਂ ਦੇ ਬੂਹਿਆਂ ਤੇ ਸਦਾ ਹਾਥੀ ਪਹਿਰਾ ਦਿੰਦੇ ਸਨ - 'ਆਵਤ ਸੰਗ ਨ ਜਾਤ ਸੰਗਾਤੀ॥ ਕਹਾ ਭਇਓ ਦਰਿ ਬਾਂਧੇ ਹਾਥੀ॥', ਪੰਨਾ ੧੧੫੮. ਰਾਵਣ ਦੀ ਤਾਕਤ ਤਾਂ ਇਤਨੀ ਮੰਨੀ ਜਾਂਦੀ ਹੈ ਕਿ ਉਸ ਦੀ ਰਸੋਈ, ਚੰਨ ਅਤੇ ਸੂਰਜ ਰਾਹੀਂ ਤਿਆਰ ਹੁੰਦੀ ਸੀ ਅਤੇ ਉਸ ਦੇ ਕਪੜੇ ਅਗਨੀ ਦੀ ਸ਼ਕਤੀ ਨਾਲ ਧੋਤੇ ਜਾਂਦੇ ਸਨ - 'ਚੰਦੁ ਸੂਰਜੁ ਜਾ ਕੇ ਤਪਤ ਰਸੋਈ॥ ਬੈਸੰਤਰੁ ਜਾ ਕੇ ਕਪਰੇ ਧੋਈ॥' ਚੰਨ, ਸੂਰਜ ਅਤੇ ਬੈਸੰਤਰ (ਦੇਵਤਾ), ਦੀ ਤਾਕਤ, ਕਿਸ ਰੂਪ ਵਿਚ ਕੰਮ ਕਰਦੀ ਸੀ, ਇਸ ਬਾਰੇ ਵਿਵਰਣ ਨਹੀਂ ਮਿਲਦਾ। ਹੋਰ ਬਚਨ ਕਰਦੇ ਹਨ ਕਿ ਲੰਕਾ ਦਾ ਕਿਲਾ ਸੋਨੇ ਨਾਲ ਭਰਿਆ ਹੋਇਆ ਸੀ ਪਰ ਮੂਰਖ ਰਾਵਣ, ਆਪਣੇ ਨਾਲ ਕੀ ਲਿਜਾ ਸਕਿਆ - 'ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥', ਪੰਨਾ ੧੧੫੮. ਤਾਂ ਫ਼ਿਰ ਅਜ ਦੇ ਰਾਜੇ ਤੇ ਧਨਾਢ ਕੀ ਲੈ ਕੇ ਗਏ ਜਾਂ ਕੀ ਲਿਜਾਣਗੇ !

ਰਾਵਣ ਦੀ ਦੁਰਦਸ਼ਾ, ਉਸ ਦੇ ਹੰਕਾਰ ਕਰਕੇ ਹੋਈ, ਕਿਉਂਕਿ ਉਹ ਆਪਣੇ ਪ੍ਰਾਪਤ ਕੀਤੇ ਹੋਏ ਵਰਦਾਨਾਂ ਕਰਕੇ ਆਪਣੇ ਆਪ ਨੂੰ ਸਰਬਸ਼ਕਤੀਮਾਨ ਅਤੇ ਅਮਰ ਸਮਝਣ ਦੀ ਭੁਲ ਕਰੀ ਬੈਠਾ ਸੀ। ਇਕੋ ਇਕ ਮੈਂਬਰ, ਭਭੀਖਣ, ਰਾਵਣ ਦਾ ਭਰਾ ਹੀ ਬਚਿਆ ਜਿਸ ਨੇ ਹੰਕਾਰ ਛੱਡ ਕੇ ਪ੍ਰਭੂ ਦੀ ਸ਼ਰਣ ਲਈ।

**ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥**
**ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ॥੪॥੧॥**

-- ਸ੍ਰੀ ਕ੍ਰਿਸ਼ਨ ਜੀ ਦੇ ਵੰਸ਼ਜ ਇਹ ਹੰਕਾਰ ਕਰ ਬੈਠੇ ਕਿ ਉਹ ਤਾਂ ਰੱਬ ਦੇ, ਸ੍ਰੀ ਕ੍ਰਿਸ਼ਨ ਜੀ ਦੇ ਪੁਤਰ ਹਨ, ਉਨ੍ਹਾਂ ਦਾ ਸਭ ਕੁਝ ਮਾਫ਼ ਹੈ। ਅਜਿਹੀ ਬਿਧਿ ਬਣੀ ਕਿ ਇਸੇ ਹੰਕਾਰ ਵਿਚ, ਇਕ ਮਹਾਤਮਾ, ਦੁਰਵਾਸਾ ਨਾਲ ਮਖ਼ੌਲ ਕਰ ਬੈਠੇ, ਜੋ ਮਹਾਤਮਾ ਦੀ ਬੇਅਦਬੀ ਸੀ, ਜਿਸ ਦਾ ਮਾੜਾ ਫਲ, ਉਨ੍ਹਾਂ ਨੂੰ ਭੋਗਣਾ ਪਿਆ।

ਇਕ, ਅਣਦਾੜ੍ਹੀਏ ਮੁੰਡੇ ਨੂੰ ਕੁੜੀਆਂ ਵਾਲੇ ਬਸਤਰ ਪੁਆ ਕੇ, ਪੇਟ ਤੇ, ਕਪੜਿਆਂ ਦੇ ਅੰਦਰ, ਪਿਤਲ ਦੀ ਇਕ ਮਟਕੀ ਬੰਨ੍ਹ ਦਿਤੀ ਅਤੇ ਲਗੇ ਦੁਰਵਾਸਾ ਰਿਖੀ ਨਾਲ ਮਖ਼ੌਲ ਕਰਣ ਕਿ ਇਸ ਬੀਬੀ ਦੇ ਕੀ ਜੰਮੇਂਗਾ ! ਰਿਖੀ ਜੀ ਤਾੜ ਗਏ ਅਤੇ ਬਚਨ ਕਰ ਦਿਤਾ ਕਿ ਉਹ ਜੰਮੇਂਗਾ ਜੋ, ਜਾਦਵ ਕੁਲ ਦਾ ਨਾਸ ਕਰੇਗਾ।

ਮੁੰਡੇ ਡਰ ਗਏ ਅਤੇ ਸਿਆਣੇ ਦੀ ਸਲਾਹ ਨਾਲ, ਮਟਕੀ ਨੂੰ ਰਗੜ ਰਗੜ ਕੇ ਖ਼ਤਮ ਕਰ ਦਿਤਾ। ਆਖਰੀ ਬਚਿਆ, ਛੋਟਾ ਜਿਹਾ ਟੁਕੜਾ, ਸਮੁੰਦਰ ਵਿਚ ਸੁਟ ਦਿਤਾ, ਜਿਸ ਨੂੰ, ਇਕ ਮੱਛੀ ਨੇ ਨਿਗਲ ਲਿਆ ਅਤੇ ਉਸ ਨੂੰ ਬਧਿਕ ਨੇ ਜਾਲ ਵਿਚ ਪਕੜ ਲਿਆ। ਜਿਥੇ ਮਟਕੀ

ਰਗੜੀ ਸੀ, ਉਥੇ ਸਿਰਕੰਡਾ ਉਗ ਆਇਆ। ਇਕ ਦਿਨ ਕਿਸੇ ਵਿਆਹ ਤੇ, ਉਸ ਥਾਂ ਤੇ ਜਾਦਵ ਮੁੰਡੇ ਇਕੱਠੇ ਹੋਏ। ਸ਼ਰਾਬ ਦੇ ਨਸ਼ੇ ਵਿਚ ਲੜ ਪਏ। ਇਕ ਦੂਜੇ ਨੂੰ ਸਿਰ-ਕੰਡੇ ਨਾਲ ਮਾਰ ਸੁਟਿਆ। ਅਸਲ ਵਿਚ ਸ੍ਰੀ ਕ੍ਰਿਸ਼ਨ ਜੀ, ਦੇਹ ਤਿਆਗਣ ਤੋਂ ਪਹਿਲਾਂ, ਆਪਣੀ ਹੰਕਾਰੀ ਕੁਲ ਨੂੰ ਖ਼ਤਮ ਕਰਣਾ ਚਾਹੁੰਦੇ ਸਨ, ਜਿਸ ਕਰ ਕੇ ਇਹ ਸਾਰੀ ਬਿਧਿ ਬਣਾਈ ਗਈ। ਦੂਜੇ ਪਾਸੇ, ਬਧਿਕ ਨੇ, ਮਛੀ ਵਿਚੋਂ ਨਿਕਲਿਆ ਟੁਕੜਾ, ਤੀਰ ਤੇ ਲਗਾ ਲਿਆ। ਸ਼ਿਕਾਰ ਨੂੰ ਨਿਕਲਿਆ। ਮਹਾਰਾਜ ਸ੍ਰੀ ਕ੍ਰਿਸ਼ਨ, ਸੰਧਿਆ ਵੇਲੇ, ਗੋਡੇ ਤੇ ਲੱਤ ਰਖ ਕੇ ਲੰਮੇ ਪਏ ਸਨ ਅਤੇ ਇਕ ਚਰਣ ਵਿਚੋਂ, ਪਦਮ ਚਮਕ ਰਿਹਾ ਸੀ, ਜਿਸ ਨੂੰ, ਹਿਰਣ ਦੀ ਅੱਖ ਜਾਣ ਕੇ ਸ਼ਿਕਾਰੀ ਨੇ, ਪੈਰ ਵਿਚ ਤੀਰ ਮਾਰ ਦਿਤਾ। ਉਸ ਨਾਲ ਹੀ, ਸ੍ਰੀ ਕ੍ਰਿਸ਼ਨ ਜੀ ਦੇਹ ਤਿਆਗ ਗਏ। ਇੰਵ ਸਾਰੀ ਕੁਲ ਚਲੀ ਗਈ। ਇਹ ਸਾਰਾ ਕੁਝ, ਜਾਦਵ ਮੁੰਡਿਆਂ ਦੇ ਇਸ ਹੰਕਾਰ ਕਰਕੇ ਹੋਇਆ ਕਿ ਉਹ, ਪ੍ਰਭੂ, ਸ੍ਰੀ ਕ੍ਰਿਸ਼ਨ ਜੀ ਦੀ ਬੰਸ ਵਿਚੋਂ ਹਨ। ਹਰੀ ਪ੍ਰਭੂ ਨੂੰ ਹੰਕਾਰ ਨਹੀਂ ਭਾਉਂਦਾ, ਉਹ ਭਾਵੇਂ, ਕਿਸੇ ਦਾ ਵੀ ਹੋਵੇ। ਸ੍ਰੀ ਗੁਰੂ ਅਮਰਦਾਸ ਸਾਹਿਬ, ਦਸਦੇ ਹਨ ਕਿ ਵੇਦ ਆਦਿ ਧਰਮ ਗ੍ਰੰਥ ਵੀ ਕੂਕ ਕੂਕ ਕੇ, ਇਹੀ ਦਸ ਰਹੇ ਹਨ ਕਿ ਹੰਕਾਰ ਕਰਦਾ, ਮਰਿਆ ਮਨੁਖ, ਮੁੜ ਮੁੜ ਜੂਨਾਂ ਭੋਗਦਾ ਹੈ - 'ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥', ਪੰਨਾ ੧੦੮੯.

-- ਭਗਤ ਨਾਮਦੇਵ ਜੀ ਨੇ ਬਚਨ ਕੀਤੇ ਹਨ ਕਿ ਪ੍ਰਭੂ ਨੇ, ਉਨ੍ਹਾਂ ਤੇ ਤਾਂ ਕਿਰਪਾ ਕੀਤੀ ਹੋਈ ਹੈ। ਭਾਵ, ਉਹ ਉਪਰ ਦਸੀਆਂ ਸਾਰੀਆਂ ਗਲਤੀਆਂ ਤੋਂ ਬਚੇ ਹੋਏ ਹਨ ਅਤੇ ਸਿਰਫ਼, ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹਨ, **ਸਿਮਰਣ** ਕਰਦੇ ਹਨ।੪।੧।

ਸਪੱਸ਼ਟ ਤੌਰ ਤੇ ਭਗਤ ਜੀ ਫ਼ੁਰਮਾਣ ਕਰ ਰਹੇ ਹਨ ਕਿ ਦੁਨੀਆਂ ਦੀ ਨਾਸ਼ਮਾਨਤਾ ਨੂੰ ਸਮਝੋ, ਆਪਣੀ ਹੋਂਦ, ਤਾਕਤ, ਰਾਜ, ਪਿਤਾ ਪੁਰਖੀ ਹੰਕਾਰ, ਧਨ ਦੌਲਤ, ਅਹੁਦਾ ਆਦਿ ਦਾ ਲਗਾਵ ਅਤੇ ਮਾਣ ਛੱਡ ਕੇ, **ਪ੍ਰਭੂ ਦੀ ਸਿਫ਼ਤ ਸਲਾਹ ਵਿਚ ਧਿਆਨ** ਲਗਾਉ, ਜਿਸ ਕੰਮ ਲਈ ਅਸੀਂ ਜਨਮ ਲਿਆ ਹੈ।

